# ਕੰਪਿਊਟਰ ਤੇ ਪੰਜਾਬੀ ਭਾਸ਼ਾ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਵਿਖੇ ਪੰਜਾਬੀ ਵਿਭਾਗ ਵਲੋਂ 'ਕੰਪਿਊਟਰ ਅਤੇ ਪੰਜਾਬੀ ਭਾਸ਼ਾ' ਸੰਬੰਧੀ 30 ਘੰਟਿਆਂ ਦਾ ਇਕ ਸ਼ੋਰਟ ਟਰਮ ਕੋਰਸ ਕਰਵਾਇਆ ਗਿਆ। ਇਸ ਵਿੱਚ ਕੰਪਿਊਟਰ ਦੀ ਮੁੱਢਲੀ ਜਾਣਕਾਰੀ ਦੇ ਨਾਲ-ਨਾਲ ਇਸ ਦੀ ਤਕਨੀਕੀ ਜਾਣਕਾਰੀ ਤੇ ਵਰਤੋਂ ਕਰਨਾ ਸਿਖਾਇਆ ਗਿਆ। ਇਸ ਕੋਰਸ ਦੀ ਕਲਾਸ ਹਫ਼ਤੇ ਵਿੱਚ ਦੋ ਦਿਨ ਸ਼ੁਕਰਵਾਰ ਤੇ ਸ਼ਨੀਵਾਰ ਨੂੰ ਰੱਖੀ ਗਈ।ਕੰਪਿਊਟਰ ਦੀ ਮੁੱਢਲੀ ਤੇ ਤਕਨੀਕੀ ਜਾਣਕਾਰੀ ਤੇ ਸਿੱਖਲਾਈ ਕਾਲਜ ਦੇ ਸੀਨੀਅਰ ਪ੍ਰਾਧਿਆਪਕ ਡਾ. ਰਾਜੀਵ ਮਿੱਡਾ ਨੇ ਦਿੱਤੀ।ਜਿਸ ਵਿੱਚ ਉਨ੍ਹਾਂ ਬੁਨਿਆਦੀ ਦੇ ਨਾਲ-ਨਾਲ ਪੀਪੀਟੀ, ਐਕਸਲ ਤੇ ਵਲੱਡ ਪ੍ਰੋਸਸਿੰਗ ਤੇ ਇੰਟਰਨੈਟ ਬਾਰੇ ਦੱਸਿਆ।

ਇਸ ਕੋਰਸ ਵਿੱਚ ਪੰਜਾਬੀ ਭਾਸ਼ਾ ਨਾਲ ਸੰਬੰਧਤ ਫੋਟ, ਲਿਪੀਅੰਤਰ, ਤੇ ਸਮਾਰਟ ਫੋਨ ਵਿੱਚ ਪੰਜਾਬੀ ਦੀ ਵਰਤੋਂ ਦੀ ਉਚੇਚੀ ਜਾਣਕਾਰੀ ਤੇ ਸਿਖਲਾਈ ਪਟਿਆਲਾ ਯੂਨੀਵਰਸਿਟੀ ਦੇ ਡਾ. ਸੀ. ਪੀ. ਕੰਬੋਜ ਨੇ ਦਿੱਤੀ।

ਇਸ ਕੋਰਸ ਦੀ ਵਿਸ਼ੇਸ਼ਤਾ ਇਹ ਰਹੀ ਕਿ ਖਾਲਸਾ ਕਾਲਜ ਦੇ ਵਿਦਿਆਰਥੀਆਂ ਦੇ ਨਾਲ ਡਾ. ਭੁਪਿੰਦਰਪਾਲ ਸਿੰਘ ਬਖ਼ਸ਼ੀ, ਡਾ. ਪਰਮਜੀਤ ਕੌਰ ਤੇ ਡਾ. ਰਾਜਵੰਤ ਸਿੰਘ ਜਿਹੇ ਕਈ ਪ੍ਰਾਧਿਆਪਕਾਂ ਤੋਂ ਇਲਾਵਾ, ਦਿਆਲ ਸਿੰਘ ਕਾਲਜ ਦੇ ਡਾ. ਪ੍ਰਿਥਵੀਰਾਜ ਥਾਪਰ, ਰਾਮਾਨੁਜਮ ਕਾਲਜ ਤੋਂ ਸਿਮਰਨ ਸੇਠੀ ਤੇ ਮਾਤਾ ਸੁੰਦਰੀ ਕਾਲਜ ਤੋਂ ਡਾ. ਅਮਰਜੀਤ ਕੌਰ ਤੇ ਇਨ੍ਹਾਂ ਕਾਲਜਾਂ ਦੇ ਵਿਦਿਆਰਥੀ ਸ਼ਾਮਲ ਹੋਏ।ਇਹ ਸਾਰੀ ਜਾਣਕਾਰੀ ਤੇ ਸਿਖਲਾਈ ਐਨੀ ਦਿਲਚਸਪ ਹੁੰਦੀ ਸੀ ਕਿ ਤਿੰਨ ਘੰਟੇ ਚਲਣ ਵਾਲੀ ਕਲਾਸ ਅਕਸਰ ਉਸ ਤੋਂ ਕਾਫੀ ਸਮਾਂ ਬਾਅਦ ਵਿੱਚ ਖੱਤਮ ਹੁੰਦੀ।ਵਿਦਿਆਰਥੀਆਂ ਤੇ ਪ੍ਰਾਧਿਆਪਕਾਂ ਨੇ ਸਿੱਖਦੇ ਹੋਏ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਅਨੇਕਾਂ ਸਵਾਲ ਪੁੱਛੇ, ਜੋ ਸਾਰਿਆਂ ਲਈ ਹੀ ਲਾਹੇਵੰਦ ਸਾਬਤ ਹੁੰਦੇ ਸਨ।ਇਹ ਸਾਰਾ ਕੋਰਸ ਪੰਜਾਬੀ ਵਿੱਚ ਬੋਲ ਕੇ ਹੀ ਕੀਤਾ ਗਿਆ।

ਇਸ ਸਾਰੇ ਕੋਰਸ ਨੂੰ ਉਲੀਕਣ ਤੇ ਬੰਦੋਬਸਤ ਦੀ ਸਾਰੀ ਜ਼ਿੰਮੇਵਾਰੀ ਡਾ. ਵਿਨੈਨੀਤ ਕੌਰ ਨੇ ਨਿਭਾਈ।ਜਿਸ ਵਿੱਚ ਵਿਭਾਗ ਦੇ ਕਨਵੀਨਰ ਡਾ. ਬਰਜਿੰਦਰ ਚੌਹਾਨ ਤੇ ਡਾ. ਜਸਵਿੰਦਰ ਕੌਰ ਬਿੰਦਰਾ ਨੇ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ।ਕੋਰਸ ਦੀ ਸਫਲਤਾ ਲਈ ਕਾਲਜ ਦੇ ਪ੍ਰਿੰਸੀਪਲ ਡਾ. ਗੁਰਮੋਹਿੰਦਰ ਸਿੰਘ ਤੇ ਆਈਕਿਊਏਸੀ ਦੇ ਡਾ. ਨੀਤੀ ਢੀਂਗਰਾ ਨੇ ਵਧਾਈ ਤੇ ਇਸ ਕੋਰਸ ਨੂੰ ਅੱਗੋਂ ਵੀ ਲਗਾਤਾਰ ਚਲਾਏ ਜਾਣ ਦੀ ਸਵੀਕ੍ਰਿਤੀ ਦਿੱਤੀ।